## ਪਾਠ 6

# ਲੱਲੋ-ਬੱਲੋ ਦਾ ਨਾਨਕਾ-ਮੇਲ਼



ਬਹੁਤ ਪੁਰਾਣੀ ਗੱਲ ਹੈ। ਓਨੀ ਪੁਰਾਣੀ ਜਦੋਂ ਤੁਹਾਡਾ ਨਾਨਾ ਵੀ ਛੋਟਾ ਹੁੰਦਾ ਸੀ। ਲੱਲੋ-ਬੱਲੋ ਦੋ ਸਕੀਆਂ ਭੈਣਾਂ ਸਨ। ਉਹਨਾਂ ਵਿਚਾਰੀਆਂ ਨੂੰ ਇੱਕ ਵੀ ਗੀਤ ਯਾਦ ਨਹੀਂ ਸੀ ਜਦੋਂਕਿ ਉਹਨਾਂ ਦੀਆਂ ਸਹੇਲੀਆਂ ਨੂੰ ਸੌ-ਸੌ ਗੀਤ ਆਉਂਦੇ ਸਨ।

ਉਹ ਆਪਣੀ ਭੂਆ ਦੇ ਪੁੱਤਰ ਦੇ ਵਿਆਹ 'ਤੇ ਜਾ ਰਹੀਆਂ ਸਨ। ਕੱਚੇ ਰਾਹ ਸਨ। ਸਭ ਤੁਰ ਕੇ ਜਾਂਦੇ, ਸੋਹਣੇ ਕੱਪੜੇ ਪਾ ਕੇ। ਗੱਲਾਂ ਕਰਦੀਆਂ-ਕਰਦੀਆਂ ਉਹ ਆਪਣੇ ਪਰਿਵਾਰ ਨਾਲ਼ੋਂ ਪਿੱਛੇ ਰਹਿ ਗਈਆਂ। ਉਹਨਾਂ ਨੂੰ ਚਿੰਤਾ ਸੀ ਕਿ ਉਹਨਾਂ ਨੂੰ ਵਿਆਹ ਵਿੱਚ ਗਾਏ ਜਾਣ ਵਾਲ਼ੇ ਗੀਤ ਨਹੀਂ ਆਉਂਦੇ। ਜਦੋਂ ਵਿਆਹ 'ਚ ਸਾਰੀਆਂ ਮੇਲਣਾਂ ਗੀਤ ਗਾਉਣਗੀਆਂ ਤਾਂ ਕੀ ਉਹ ਚੁੱਪ ਬੈਠੀਆਂ ਰਹਿਣਗੀਆਂ ? ਬੱਲੋ ਵੱਡੀ ਸੀ, ਥੋੜ੍ਹੀ ਸਿਆਣੀ ਵੀ ਸੀ।

ਬੱਲੋ ਨੇ ਸਕੀਮ ਸੋਚੀ। ਲੱਲੋ ਨੂੰ ਕਿਹਾ-"ਆਪਾਂ ਜਾਂਦੀਆਂ-ਜਾਂਦੀਆ ਗੀਤ ਜੋੜ ਲੈਂਦੀਆਂ ਹਾਂ। ਤੂੰ ਆਸੇ-ਪਾਸੇ ਨਿਗ੍ਹਾ ਰੱਖ, ਜਿਹੜੀ ਚੀਜ਼ ਤੈਨੂੰ ਦਿਸੇ ਮੈਨੂੰ ਦੱਸ ਦੇਈਂ, ਮੈਂ ਉਸ 'ਤੇ ਗੀਤ ਜੋੜ ਦੇਵਾਂਗੀ।"

ਲੱਲੋ ਨੇ ਵੇਖਿਆ ! ਇੱਕ ਝਾੜੀ 'ਚ ਖ਼ਰਗੋਸ਼ ਲੁਕਿਆ ਬੈਠਾ ਸੀ। ਬੱਲੋ ਨੇ ਗੀਤ ਜੋੜਿਆ :

ਲੁਕਿਆ-ਛੁਪਿਆ ਬੈਠੈਂ ਵੇ,

ਲੁਕਿਆ-ਛੁਪਿਆ ਬੈਠੈਂ।

ਉਹ ਹੋਰ ਅੱਗੇ ਤੁਰਦੀਆਂ ਗਈਆਂ। ਅੱਗੇ ਚੂਹਾ ਖੁੱਡ ਪੁੱਟੀ ਜਾ ਰਿਹਾ ਸੀ। ਖੁੱਡ ਵਿੱਚੋਂ ਰੇਤਾ ਬਾਹਰ ਸੁੱਟੀ ਜਾ ਰਿਹਾ ਸੀ। ਬੱਲੋ ਨੇ ਗੀਤ ਜੋੜਿਆਃ

ਅੰਦਰੋਂ ਪੁੱਟ-ਪੁੱਟ,<br>
ਬਾਹਰ ਢੇਰੀ ਲਾਉਨੈਂ ।<br>
ਅੰਦਰੋਂ ਸੁੱਟਦੈਂ ਵੇ,<br>
ਬਾਹਰ ਢੇਰੀ ਲਾਉਨੈਂ।

ਉਹ ਹੋਰ ਅੱਗੇ ਗਈਆਂ ਤਾਂ ਦੇਖਿਆ ਕਿ ਇੱਕ ਖੇਤ ਵਿੱਚ ਇੱਕ ਕਿਰਸਾਣ ਕੱਖਾਂ ਦੀ ਪੰਡ ਬੰਨ੍ਹੀ ਜਾ ਰਿਹਾ ਸੀ। ਹੁਣ ਲੱਲੋ ਨੇ ਵੀ ਗੀਤ ਜੋੜ ਦਿਤਾਃ-

ਪੰਡਾਂ ਬੰਨ੍ਹੀ ਜਾਨੈਂ ਵੇ,<br>
ਪੰਡਾਂ ਬੰਨ੍ਹੀ ਜਾਨੈਂ।

ਉਹਨਾਂ ਨੂੰ ਵੇਖ ਕੇ ਨਾਲ਼ ਦੇ ਖੇਤ ਵਿੱਚੋਂ ਇੱਕ ਗਿੱਦੜ ਡਰ ਕੇ ਭੱਜ ਗਿਆ। ਦੋਂਹਾਂ ਨੇ ਸਾਂਝਾ ਗੀਤ ਜੋੜਿਆਃ-

ਭੱਜਿਆ-ਭੱਜਿਆ ਜਾਨੈਂ ਵੇ,<br>
ਉੱਡਿਆ-ਉੱਡਿਆ ਜਾਨੈਂ।

ਏਨੇ ਨੂੰ ਉਹਨਾਂ ਦਾ ਨਾਨਕਾ ਪਿੰਡ ਆ ਗਿਆ। ਦੋਵੇਂ ਆਪਣੇ ਜੋੜੇ ਗੀਤਾਂ ਕਾਰਨ ਖ਼ੁਸ਼ ਸਨ।

ਰਾਤ ਨੂੰ ਜਦੋਂ ਕੁੜੀਆਂ ਗੀਤ ਗਾਉਣ ਲੱਗੀਆਂ ਤਾਂ ਲੱਲੋ-ਬੱਲੋ ਨੇ ਆਪਣਾ ਪਹਿਲਾ ਗੀਤ ਛੋਹਿਆ :-

ਲੁਕਿਆ-ਛੁਪਿਆ ਬੈਠੈਂ ਵੇ,<br>
ਲੁਕਿਆ-ਛੁਪਿਆ ਬੈਠੈਂ।

ਘਰ ਦੇ ਪਿਛਵਾੜੇ ਲੱਡੂਆਂ ਵਾਲ਼ੀ ਕੋਠੜੀ ਦੇ ਪਿੱਛੇ ਇੱਕ ਚੋਰ ਲੁਕਿਆ ਬੈਠਾ ਸੀ। ਉਸ ਨੇ ਜਦੋਂ ਗੀਤ ਸੁਣਿਆ, ਉਹ ਡਰ ਗਿਆ। ਉਸ ਨੂੰ ਲੱਗਾ, ਜਿਵੇਂ ਕੁੜੀਆਂ ਉਸ ਨੂੰ ਹੀ ਕਹਿ ਰਹੀਆਂ ਹਨ : "ਲੁਕਿਆ-ਛੁਪਿਆ ਬੈਠੈਂ।" ਉਹ ਚੁੱਪ-ਚਾਪ ਬੈਠਾ ਰਿਹਾ।

ਕੁਝ ਚਿਰ ਬਾਅਦ ਚੋਰ ਕੰਧ 'ਚ ਪਾੜ ਲਾਉਣ ਲੱਗਾ। ਉਹ ਕੱਚੀ ਕੰਧ 'ਚੋਂ ਮਿੱਟੀ ਪੁੱਟ-ਪੁੱਟ ਬਾਹਰ ਢੇਰੀ ਲਾ ਰਿਹਾ ਸੀ।

ਲੱਲ੍ਹੋ-ਬੱਲ੍ਹੋ ਨੇ ਅਗਲਾ ਗੀਤ ਛੋਹਿਆ :-

ਅੰਦਰੋਂ ਪੁੱਟ-ਪੁੱਟ,
ਬਾਹਰ ਢੇਰੀ ਲਾਉਨੈਂ।
ਅੰਦਰੋਂ ਸੁੱਟਦੈਂ ਵੇ,
ਬਾਹਰ ਢੇਰੀ ਲਾਉਨੈਂ।

ਉਹ ਡਰ ਗਿਆ। ਪਾੜ ਲਾਉਣਾ ਬੰਦ ਕਰ ਕੇ ਬੈਠਾ ਰਿਹਾ। ਜਦੋਂ ਅੱਧਾ ਘੰਟਾ ਬੀਤ ਗਿਆ, ਉਸ ਨੇ ਫਿਰ ਪਾੜ ਲਾਉਣਾ ਸ਼ੁਰੂ ਕਰ ਦਿੱਤਾ। ਪਾੜ ਪੂਰਾ ਕਰ ਕੇ ਅੰਦਰ ਲੱਡੂਆਂ ਵਾਲ਼ੀ ਕੋਠੜੀ ਵਿੱਚ ਵੜ ਗਿਆ। ਪਹਿਲਾਂ ਉਸ ਨੇ ਰੱਜ ਕੇ ਲੱਡੂ-ਜਲੇਬੀਆਂ ਖਾਧੀਆਂ। ਫਿਰ ਚਾਦਰ ਵਿੱਚ ਲੱਡੂ-ਜਲੇਬੀਆਂ ਦੀ ਪੰਡ ਬੰਨ੍ਹਣ ਲੱਗਾ। ਲੱਲ੍ਹੋ-ਬੱਲ੍ਹੋ ਨੇ ਆਪਣਾ ਅਗਲਾ ਗੀਤ ਛੋਹਿਆ

ਪੰਡਾਂ ਬੰਨ੍ਹੀ ਜਾਨੈਂ ਵੇ,
ਪੰਡਾਂ ਬੰਨ੍ਹੀ ਜਾਨੈਂ।

ਚੋਰ ਡਰ ਗਿਆ। ਉਸ ਨੂੰ ਪੂਰਾ ਵਿਸ਼ਵਾਸ ਹੋ ਗਿਆ ਕਿ ਕੁੜੀਆਂ ਉਸ ਨੂੰ ਵੇਖ ਕੇ ਹੀ ਗੀਤ ਗਾ ਰਹੀਆਂ ਹਨ। ਉਹ ਲੱਡੂਆਂ ਦੀ ਪੰਡ ਉੱਥੇ ਹੀ ਰੱਖ ਕੇ ਬਾਹਰ ਨੂੰ ਭੱਜ ਪਿਆ।

ਕੁੜੀਆਂ ਨੇ ਆਪਣਾ ਆਖ਼ਰੀ ਗੀਤ ਗਾਇਆ :

ਭੱਜਿਆ-ਭੱਜਿਆ ਜਾਨੈਂ ਵੇ,
ਉੱਡਿਆ-ਉੱਡਿਆ ਜਾਨੈਂ।

ਚੋਰ ਡਰ ਕੇ ਹੋਰ ਤੇਜ਼ ਦੌੜਨ ਲੱਗਾ। ਸਵੇਰ ਹੋਈ। ਸਭ ਨੇ ਵੇਖਿਆ ਕਿ ਲੱਡੂਆਂ ਵਾਲ਼ੀ ਕੋਠੜੀ 'ਚ ਪਾੜ ਲੱਗਿਆ ਹੋਇਆ ਹੈ ਪਰ ਲੱਡੂ - ਜਲੇਬੀਆਂ ਬਚ ਗਏ ਹਨ।

ਸਾਰਾ ਪਰਿਵਾਰ ਲੱਲ੍ਹੋ-ਬੱਲ੍ਹੋ ਦੀ ਸਿਆਣਪ 'ਤੇ ਬਹੁਤ ਖ਼ੁਸ਼ ਹੋਇਆ। ਉਹਨਾਂ ਨੇ ਵਿਆਹ ਦੇ 'ਰੰਗ ਵਿੱਚ ਭੰਗ' ਪੈਣੋਂ ਬਚਾ ਲਿਆ ਸੀ।

*****

## ਪਾਠ-ਅਭਿਆਸ

1. **ਦੱਸੋ :-**

(ੳ) ਲੱਲੋ ਤੇ ਬੱਲੋ ਨੂੰ ਕਿਸ ਗੱਲ ਦੀ ਚਿੰਤਾ ਸੀ ?

(ਅ) ਲੱਲੋ ਤੇ ਬੱਲੋ ਨੇ ਕਿਹੜੀਆਂ-ਕਿਹੜੀਆਂ ਚੀਜ਼ਾਂ ਨੂੰ ਵੇਖ ਕੇ ਗੀਤ ਜੋੜੇ ?

(ੲ) ਵਿਆਹ ਵਾਲ਼ੇ ਘਰ ਵਿੱਚੋਂ ਚੋਰ ਕਿਹੜੀਆਂ ਚੀਜ਼ਾਂ ਚੋਰੀ ਕਰਨਾ ਚਾਹੁੰਦਾ ਸੀ ?

2. **ਖ਼ਾਲੀ ਸਥਾਨ ਭਰੋ :-**

(ੳ) ਇੱਕ ਝਾੜੀ 'ਚ ____________ਲੁਕਿਆ ਬੈਠਾ ਸੀ।

(ਅ) ਇੱਕ ਖੇਤ ਵਿੱਚ ਇੱਕ ਕਿਰਸਾਣ____________ ਦੀ ਪੰਡ ਬੰਨ੍ਹੀ ਜਾ ਰਿਹਾ ਸੀ।

(ੲ) ਉਸ ਨੂੰ ਪੂਰਾ ____________ ਹੋ ਗਿਆ ਕਿ ਕੁੜੀਆਂ ਉਸ ਨੂੰ ਵੇਖ ਕੇ ਹੀ ਗੀਤ ਗਾ ਰਹੀਆਂ ਹਨ।

(ਸ) ਸਾਰਾ ਪਰਿਵਾਰ ਲੱਲੋ-ਬੱਲੋ ਦੀ ____________'ਤੇ ਬਹੁਤ ਖ਼ੁਸ਼ ਹੋਇਆ।

3. **ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ- ਜੋੜਾਂ ਦੇ ਅੰਤਰ ਨੂੰ ਸਮਝੋ :-**

(ੳ) ਵਿਆਹ : विवाह

(ਅ) ਖ਼ਰਗੋਸ਼ : ख़रगोश

(ੲ) ਕਿਰਸਾਣ : किसान

(ਸ) ਗਿੱਦੜ : गीदड़

(ਹ) ਲੱਡੂ : लड्डू

(ਕ) ਪਰਿਵਾਰ : परिवार

4. **ਹੇਠ ਲਿਖੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਭਾਸ਼ਾ ਦੇ ਸ਼ਬਦ ਲਿਖੋ:**

(ੳ) ਖੁੱਡ :

(ਅ) ਪੰਡ :

(ੲ) ਭੱਜ :

(ਸ) ਖਾਧੀ :

(ਹ) ਸਿਆਣੀ :

5. **ਵਿਦਿਆਰਥੀ ਕਿਸੇ ਅੱਖੀਂ ਡਿੱਠੇ ਵਿਆਹ ਬਾਰੇ ਆਪਣੀ ਸ਼੍ਰੇਣੀ ਵਿੱਚ ਦੱਸਣ।**

*****